# ਫ਼ਲੂ ਦਾ ਜ਼ੋਖਮ ਨਾ ਲਓ। ਅੱਜ ਹੀ ਟੀਕਾਕਰਨ ਕਰਵਾਓ।



## ਇਸ ਸਰਦੀਆਂ ਦੇ ਮੌਸਮ ਵਿੱਚ, ਮੁਫ਼ਤ ਫ਼ਲੂ ਟੀਕਾ ਲਗਾ ਕੇ ਆਪਣੇ ਬੱਚੇ ਨੂੰ ਗੰਭੀਰ ਬਿਮਾਰ ਹੋਣ ਤੋਂ ਬਚਾਉਣ ਵਿੱਚ ਮੱਦਦ ਕਰੋ।

## ਫ਼ਲੂ ਦਾ ਟੀਕਾ ਕਿਉਂ ਲਗਵਾਇਆ ਜਾਵੇ?

ਫ਼ਲੂ ਗੰਭੀਰ ਹੋ ਸਕਦਾ ਹੈ, ਖ਼ਾਸ ਕਰਕੇ ਬੱਚਿਆਂ ਲਈ। 6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਹਰੇਕ ਵਿਅਕਤੀ ਨੂੰ ਸਾਲਾਨਾ ਫ਼ਲੂ ਦਾ ਟੀਕਾ ਲਗਵਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਬਾਲਕਾਂ ਅਤੇ ਛੋਟੇ ਬੱਚਿਆਂ ਨੂੰ ਫ਼ਲੂ ਤੋਂ ਵਿਸ਼ੇਸ਼ ਸੁਰੱਖਿਆ ਦੀ ਲੋੜ ਹੁੰਦੀ ਹੈ, ਅਤੇ ਇਹ ਟੀਕਾ ਬਚਪਨ ਦੇ ਹੋਰ ਨਿਯਮਤ ਟੀਕਿਆਂ ਵਾਂਗ ਹੀ ਮਹੱਤਵਪੂਰਨ ਹੈ। ਇਹ ਉਹਨਾਂ ਨੂੰ ਫ਼ਲੂ ਦੀਆਂ ਸਭ ਤੋਂ ਵੱਧ ਹੋਣ ਵਾਲੀਆਂ ਕਿਸਮਾਂ ਤੋਂ ਬਚਾਉਣ ਵਿੱਚ ਮੱਦਦ ਕਰਦਾ ਹੈ।

ਇਹ ਟੀਕਾ ਤੁਹਾਡਾ, ਤੁਹਾਡੇ ਪਰਿਵਾਰ ਦਾ ਅਤੇ ਭਾਈਚਾਰੇ ਦਾ ਬਚਾਅ ਕਰਦਾ ਹੈ। ਇਹ ਗੰਭੀਰ ਬਿਮਾਰੀਆਂ ਅਤੇ ਫ਼ਲੂ ਨਾਲ ਸੰਬੰਧਿਤ ਪੇਚੀਦਗੀਆਂ ਦੇ ਜ਼ੋਖਮ ਨੂੰ ਘਟਾਉਣ ਵਿੱਚ ਵੀ ਮੱਦਦ ਕਰਦਾ ਹੈ। ਇਹ ਟੀਕਾ ਯੋਗ ਤਰਜੀਹੀ ਸਮੂਹਾਂ ਲਈ ਮੁਫ਼ਤ ਹੈ।

## ਹੇਠ ਲਿਖਿਆ ਲਈ ਫ਼ਲੂ ਦਾ ਟੀਕਾ ਮੁਫ਼ਤ ਉਪਲਬਧ ਹੈ:

- ਤੁਹਾਡੇ ਡਾਕਟਰ (ਜੀਪੀ) ਜਾਂ ਸਥਾਨਕ ਕੌਂਸਲ ਟੀਕਾਕਰਨ ਸੇਵਾ ਤੋਂ 6 ਮਹੀਨੇ ਤੋਂ 5 ਸਾਲ ਦੀ ਉਮਰ ਦੇ ਬੱਚੇ ਲਈ।
- 6 ਮਹੀਨੇ ਅਤੇ ਇਸ ਤੋਂ ਵੱਧ ਉਮਰ ਦੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ
- 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਲਈ
- ਗਰਭਵਤੀ ਔਰਤਾਂ ਲਈ (ਗਰਭ-ਅਵਸਥਾ ਦੇ ਕਿਸੇ ਵੀ ਪੜਾਅ 'ਤੇ)
- ਕੁੱਝ ਖ਼ਾਸ ਡਾਕਟਰੀ ਸਮੱਸਿਆਵਾਂ ਵਾਲੇ ਵਿਅਕਤੀਆਂ ਲਈ, ਜਿੰਨ੍ਹਾਂ ਨੂੰ ਗੰਭੀਰ ਫ਼ਲੂ ਹੋਣ ਦਾ ਜ਼ੋਖਮ ਨੂੰ ਵੱਧ ਹੁੰਦਾ ਹੈ।
- ਟੀਕਾਕਰਨ ਕਿੱਥੋਂ ਕਰਵਾਉਣਾ ਹੈ?

VICTORIA
State Government

## ਟੀਕਾਕਰਨ ਕਿੱਥੋਂ ਕਰਵਾਉਣਾ ਹੈ?

ਤੁਸੀਂ ਆਪਣੀਆਂ ਹੇਠ ਲਿਖੀਆਂ ਸਥਾਨਕ ਸੇਵਾਵਾਂ ਤੋਂ ਫ਼ਲੂ ਦਾ ਟੀਕਾ ਲਗਵਾ ਸਕਦੇ ਹੋ:

- ਡਾਕਟਰ (GP) ਤੋਂ
- ਆਦਿਵਾਸੀ ਭਾਈਚਾਰੇ ਵੱਲੋਂ ਚਲਾਈ ਜਾਂਦੀ ਸਿਹਤ ਸੰਸਥਾ ਤੋਂ
- ਕੌਂਸਲ ਟੀਕਾਕਰਨ ਸੇਵਾ ਤੋਂ
- 5 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਫਾਰਮਾਸਿਸਟ ਤੋਂ

ਫ਼ਲੂ ਦਾ ਟੀਕਾ ਲਗਵਾਉਣ ਲਈ ਆਪਣੇ ਨੇੜੇ ਦੀ ਕੋਈ ਜਗ੍ਹਾ ਲੱਭੋ

**ਫ਼ਲੂ ਹੋਣ ਦਾ ਜ਼ੋਖਮ ਨਾ ਲਓ। ਆਪਣੇ ਪਰਿਵਾਰ ਨੂੰ ਸਾਲਾਨਾ ਫ਼ਲੂ ਟੀਕੇ ਨਾਲ ਸੁਰੱਖਿਅਤ ਰੱਖੋ।**

## ਘਰ ਬੈਠੇ ਤੁਹਾਡੇ ਜ਼ਰੂਰੀ ਦੇਖਭਾਲ ਦੇ ਵਿਕਲਪ

ਜੇਕਰ ਤੁਹਾਨੂੰ ਘਰ ਜਾਂ ਕਿਤੇ ਹੋਰ ਤੁਰੰਤ ਸਿਹਤ ਸੰਭਾਲ ਦੀ ਲੋੜ ਹੈ:

- ਵਰਚੁਅਲ ਐਮਰਜੈਂਸੀ ਕੇਅਰ ਇੱਕ ਮੁਫ਼ਤ 24/7 ਸੇਵਾ ਹੈ ਜੋ ਤੁਹਾਨੂੰ ਤੁਹਾਡੇ ਕੰਪਿਊਟਰ ਜਾਂ ਮੋਬਾਈਲ ਤੋਂ ਐਮਰਜੈਂਸੀ ਡਾਕਟਰ ਜਾਂ ਨਰਸ ਨਾਲ ਜੋੜਦੀ ਹੈ। ਵਰਚੁਅਲ ਐਮਰਜੈਂਸੀ ਕੇਅਰ ਲਈ ਵਿਕਟੋਰੀਅਨ ਵਰਚੁਅਲ ਐਮਰਜੈਂਸੀ ਵਿਭਾਗ ਵਿਖੇ ਸਲਾਹ-ਮਸ਼ਵਰੇ ਲਈ ਰਜਿਸਟਰ ਕਰੋ।
- ਜੇਕਰ ਤੁਸੀਂ ਕਿਸੇ ਨਾਲ ਫ਼ੋਨ 'ਤੇ ਗੱਲ ਕਰਨਾ ਚਾਹੁੰਦੇ ਹੋ, ਜਾਂ ਤੁਹਾਨੂੰ ਹੋਰ ਡਾਕਟਰੀ ਸਹਾਇਤਾ ਲੈਣ ਬਾਰੇ ਸਲਾਹ ਦੀ ਲੋੜ ਹੈ ਤਾਂ ਨਰਸ-ਆਨ-ਕਾਲ ਨਾਲ 1300 60 60 24 'ਤੇ ਸੰਪਰਕ ਕਰੋ। ਮੱਦਦ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ।

ਜੇਕਰ ਤੁਸੀਂ ਜਾਨਲੇਵਾ ਸਥਿਤੀ ਵਿੱਚ ਹੋ ਅਤੇ ਤੁਹਾਨੂੰ ਤੁਰੰਤ ਐਮਰਜੈਂਸੀ ਦੇਖਭਾਲ ਦੀ ਲੋੜ ਹੈ, ਤਾਂ ਟ੍ਰਿਪਲ ਜ਼ੀਰੋ (**000**) 'ਤੇ ਫ਼ੋਨ ਕਰੋ ਜਾਂ ਆਪਣੇ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਜਾਓ।

VICTORIA State Government